# ਭਗਤ ਨਾਮਦੇਵ - ਸਬਦ ੩੦

## ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥

## ਰਾਗੁ ਰਾਮਕਲੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੯੭੨

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥੧॥
ਮਨੁ ਰਾਮ ਨਾਮਾ ਬੇਧੀਅਲੇ ॥
ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥
ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥੨॥
ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥੩॥
ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥

**ਸਾਰ:** ਸਾਡੇ ਮਨ ਵਿਚ ਸੰਸਾਰ ਨਾਲ ਜੁੜ ਕੇ ਨਵੀਆਂ ਦ੍ਰਿਸ਼ਟੀਆਂ ਨੂੰ ਅਤੇ ਆਪਣੇ ਰੂਹਾਨੀ ਵਿਕਾਸ ਲਈ ਨਵੇਂ ਪਰਿਪੇਖਾਂ ਨੂੰ ਖੋਜਣ ਦੀ ਅਦਭੁਤ ਸਮਰੱਥਾ ਹੈ, ਪਰ ਇਹ ਤਦ ਹੀ ਸੰਭਵ ਹੈ ਜਦੋਂ ਅਸੀਂ ਅੰਦਰੋਂ ਜੁੜੇ ਅਤੇ ਸਥਿਰ ਹੁੰਦੇ ਹਾਂ। ਇਸ ਇਕਾਗਰਤਾ ਨੂੰ ਪਤੰਗ ਦੀ ਡੋਰ ਵਾਂਗ ਸਮਝੋ, ਜੋ ਪਤੰਗ ਨੂੰ ਉੱਚਾ ਉੱਡਣ ਦੀ ਆਜ਼ਾਦੀ ਦਿੰਦੀ ਹੈ, ਪਰ ਨਾਲ ਹੀ ਉਸਨੂੰ ਆਪਣੇ ਹੱਥਾ ਨਾਲ ਹੇਠਾਂ ਤੋਂ ਸੰਭਾਲ ਕੇ ਵੀ ਰੱਖਦੀ ਹੈ। ਡੋਰ ਬਿਨਾਂ ਪਤੰਗ ਦਿਸ਼ਾਹੀਣ ਹੋ ਜਾਂਦੀ ਹੈ, ਅਤੇ ਖੁੱਲ੍ਹੇ ਅਸਮਾਨ ਤੋਂ ਬਿਨਾਂ ਇਹ ਉੱਡ ਵੀ ਨਹੀਂ ਸਕਦਾ। ਇਸੇ ਤਰ੍ਹਾਂ ਸਾਨੂੰ ਵੀ ਆਪਣੇ ਅਨੁਭਵਾਂ ਨੂੰ ਖੋਲ੍ਹਣ ਅਤੇ ਉਨ੍ਹਾਂ ਦੇ ਵਿਸਥਾਰ ਲਈ ਅਜਿਹੀ ਮਨੋਬਿਰਤੀ ਦੀ ਲੋੜ ਹੁੰਦੀ ਹੈ, ਪਰ ਦੂਸਰੇ ਪਾਸੇ ਇਹ ਆਪਣੀਆਂ ਮੂਲ ਕੀਮਤਾਂ ਨਾਲ ਵੀ ਜੁੜੀ ਰਹੇ, ਕਿਉਂ ਕਿ ਉਨ੍ਹਾਂ ਤੋਂ ਬਿਨ੍ਹਾਂ, ਅਸੀਂ ਸੰਪੂਰਨਤਾ ਨਾਲ ਨਹੀਂ ਜੀਅ ਸਕਦੇ। ਇਹ ਸੰਤੁਲਨ ਸਾਨੂੰ ਵਧੇਰੇ ਅਮੀਰੀਅਤ, ਅਜ਼ਾਦਾਨਾ ਜੀਵਨ ਜੀਉਣ ਦੇ ਯੋਗ ਬਣਾਉਂਦਾ ਹੈ, ਜਿਥੇ ਅਸੀਂ ਵਿਗਸਤ ਹੁੰਦੇ ਹੋਏ ਆਪਣੇ ਅਸਲ ਸਰੂਪ ਨਾਲ ਸੱਚੇ ਵੀ ਰਹਿੰਦੇ ਹਾਂ।

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥

ਮੈਂ ਕਾਗਜ਼ ਲਿਆ, ਉਸਨੂੰ ਕੱਟ ਕੇ ਪਤੰਗ ਬਣਾਈ ਅਤੇ ਆਕਾਸ਼ ਵਿਚ ਇਸ ਨੂੰ ਉੱਡਾ ਦਿੱਤਾ। ਇਹ ਕਰਮ ਦਰਸਾਉਂਦਾ ਹੈ ਕਿ ਸਾਡਾ ਮਨ ਕਿਸ ਤਰ੍ਹਾਂ ਹਕੀਕਤ ਨਾਲ ਜੁੜਿਆ ਹੋਣ ਦੇ ਬਾਵਜੂਦ ਵੀ ਸੰਸਾਰ ਦੀ ਵਿਸ਼ਾਲਤਾ ਵਿਚ ਉੱਚਾ ਉੱਡ ਸਕਦਾ ਹੈ।

ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥੧॥

ਪੰਜ ਸਾਥੀਆਂ ਨਾਲ ਗੱਲਾਂ ਕਰਦਿਆਂ ਹੋਇਆਂ ਵੀ ਮੇਰਾ ਧਿਆਨ ਡੋਰ ਉੱਤੇ ਹੀ ਟਿਕਿਆ ਰਹਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅਸੀਂ ਆਪਣੀਆਂ ਇੰਦ੍ਰੀਆਂ ਰਾਹੀਂ ਸੰਸਾਰ ਨਾਲ ਜੁੜੇ ਰਹਿਣ ਦੇ ਬਾਵਜੂਦ ਵੀ, ਆਪਣੇ ਅਸਲ ਸਰੂਪ ਨਾਲ ਵੀ ਸੁਚੇਤ ਤੌਰ 'ਤੇ ਜੁੜੇ ਰਹਿਣ ਦੀ ਸਮਰੱਥਾ ਰੱਖਦੇ ਹਾਂ। (੧)

ਮਨੁ ਰਾਮ ਨਾਮਾ ਬੇਧੀਅਲੇ ॥

ਸਰਬਵਿਆਪੀ ਹਕੀਕਤ ਦੇ ਚਿੰਤਨ ਨੇ ਮੇਰੇ ਮਨ ਦੇ ਧੁਰ ਅੰਦਰ ਨੂੰ ਛੂਹ ਲਿਆ ਹੈ। ਇਹ ਅਨੁਭਵ ਦਰਸਾਉਂਦਾ ਹੈ ਕਿ ਕਿਵੇਂ ਆਤਮ-ਚਿੰਤਨ ਨਿਰੰਤਰ ਅੰਤਰੀਵੀ ਚੇਤਨਾ ਨੂੰ ਪਾਲਦਾ ਰਹਿੰਦਾ ਹੈ, ਜੋ ਵਧੇਰੇ ਗੰਭੀਰ ਸੂਝ ਵੱਲ ਲੈ ਜਾਂਦਾ ਹੈ।

ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥

ਜਿਵੇਂ ਮਨ ਸੋਨੇ ਨੂੰ ਘੜ੍ਹਣ ਦੀ ਕਲਾ ਵਿਚ ਲੀਨ ਹੋ ਜਾਂਦਾ ਹੈ। ਇਹ ਭਾਵ ਟਿਕੀ ਹੋਈ ਇਕਾਗਰਤਾ ਅਤੇ ਅਡੋਲ ਸ਼ਰਧਾ ਦਾ ਪ੍ਰਤੀਕ ਹੈ। (੧)(ਠਹਿਰਾਉ)

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥

ਘੜਾ ਲੈ ਕੇ ਉਸਨੂੰ ਪਾਣੀ ਨਾਲ ਭਰ ਕੇ ਰਾਜਕੁਮਾਰੀ ਸ਼ਹਿਰ ਵਾਪਸ ਆਉਂਦੀ ਹੈ। ਇਹ ਭਾਵ ਉਸ ਸਾਧਕ ਦਾ ਪ੍ਰਤੀਕ ਹੈ ਜੋ ਆਪਣੇ ਵਿਚਾਰਾਂ ਨੂੰ ਪਾਲਦਾ ਹੋਇਆ ਆਪਣੀ ਹਕੀਕਤ ਨਾਲ ਜੁੜਿਆ ਰਹਿੰਦਾ ਹੈ।

ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥੨॥

ਉਹ ਹੱਸਦੀ ਹੋਈ ਆਪਣੀਆਂ ਸਹੇਲੀਆਂ ਨਾਲ ਖੁਸ਼ੀ ਨਾਲ ਗੱਲਾਂ ਕਰਦੀ ਹੈ, ਪਰ ਉਸਦਾ ਧਿਆਨ ਘੜੇ ਉੱਤੇ ਹੀ ਟਿਕਿਆ ਰਹਿੰਦਾ ਹੈ। ਇਹ ਭਾਵ ਰੋਜ਼ਮਰਾ ਦੇ ਜੀਵਨ ਵਿਚ ਖ਼ੁਸ਼ੀ-ਖ਼ੁਸ਼ੀ ਭਾਗ ਲੈਂਦਿਆਂ, ਆਪਣੇ ਅੰਤਰੀਵੀ ਠਹਿਰਾਉ ਅਤੇ ਬਿਬੇਕ ਦੀ ਰੱਖਿਆ ਦਾ ਪ੍ਰਤੀਕ ਹੈ। (੨)

ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥

ਇਕ ਘਰ ਹੈ ਜਿਸਦੇ ਦੱਸ ਦਰਵਾਜ਼ੇ ਹਨ, ਅਤੇ ਗਾਂ ਨੂੰ ਚਰਣ ਲਈ ਬਾਹਰ ਛੱਡਿਆ ਜਾਂਦਾ ਹੈ। ਇਹ ਦ੍ਰਿਸ਼ਟਾਂਤ ਸਰੀਰ ਨੂੰ ਇਕ ਘਰ ਵਜੋਂ ਦਰਸਾਉਂਦਾ ਹੈ, ਜਿਸ ਦੀਆਂ ਦੱਸ ਇੰਦ੍ਰੀਆਂ ਸੂਝ ਅਤੇ ਕਰਮ ਦਰ ਹਨ, ਜਿਨ੍ਹਾਂ ਵਿਚੋਂ ਗਾਂ ਸਾਡੀ ਅੰਤਰ-ਆਤਮਾ ਦਾ ਰੂਪ ਹੈ, ਜੋ ਵੱਖ-ਵੱਖ ਦਰਸ਼ਨਾਂ ਅਤੇ ਅਨੁਭਵਾਂ ਰਾਹੀਂ ਪੋਸ਼ਣ ਪ੍ਰਾਪਤ ਕਰਦੀ ਹੈ, ਜਿਵੇਂ ਚਰਾਂਦ ਗਾਂ ਦੇ ਆਹਾਰ ਦਾ ਪ੍ਰਬੰਧ ਕਰਦੀ ਹੈ।

ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥੩॥

ਭਾਵੇਂ ਗਾਂ ਪੰਜ ਕੋਹ ਦੂਰ ਚਰ ਰਹੀ ਹੋਵੇ, ਉਸਦਾ ਮਨ ਫਿਰ ਵੀ ਆਪਣੇ ਵੱਛੇ ਨਾਲ ਹੀ ਜੁੜਿਆ ਰਹਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜੀਵਨ ਦੇ ਅਨੇਕ ਅਨੁਭਵ ਵੀ ਸਾਨੂੰ ਉਸ ਮੂਲ ਸਰਬਵਿਆਪੀ ਬਿਬੇਕ ਨਾਲੋਂ ਵੱਖ ਨਹੀਂ ਕਰ ਸਕਦੇ, ਜਿਸ ਨਾਲ ਸਾਡਾ ਅੰਤਰੀਵੀ ਅਤੇ ਸੁਭਾਵਿਕ ਨਾਤਾ ਜੁੜਿਆ ਹੁੰਦਾ ਹੈ। (੩)

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥

ਨਾਮਦੇਵ ਕਹਿੰਦੇ ਹਨ ਕਿ ਹੇ ਤ੍ਰਿਲੋਚਨ ਸੁਣੋ! ਬੱਚਾ ਪੰਘੂੜੇ ਵਿਚ ਪਾਇਆ ਹੋਇਆ ਹੈ। ਤ੍ਰਿਲੋਚਨ ਤਿੰਨ ਅੱਖਾਂ ਵਾਲੇ ਜਾਗਰੂਕ ਬਿਬੇਕ ਦੇ ਪ੍ਰਤੀਕ ਹੈ, ਜੋ ਬਾਹਰੀ ਜੀਵਨ, ਅੰਤਰੀਵੀ ਪ੍ਰੇਰਣਾਵਾਂ ਅਤੇ ਅਸਲ ਸੱਚ, ਤਿੰਨਾਂ ਨੂੰ ਦੇਖ ਸਕਦਾ ਹੈ। ਬੱਚਾ ਕੋਮਲ ਅਤੇ ਨਿਰਮਲ ਅੰਤਰ-ਆਤਮਾ ਨੂੰ ਦਰਸਾਉਂਦਾ ਹੈ, ਜਦਕਿ ਭੰਗੂੜਾ ਹੋਂਦ ਦੇ ਲੈਬੱਧ ਅਤੇ ਨਿਰੰਤਰ ਪ੍ਰਵਾਹ ਦਾ ਪ੍ਰਤੀਕ ਹੈ।

ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥

ਮਾਂ ਘਰੇਲੂ ਕੰਮਾਂ ਵਿਚ ਵਿਚ ਰੁੱਝੀ ਹੋਈ ਹੈ, ਪਰ ਉਸਦਾ ਮਨ ਆਪਣੇ ਬੱਚੇ ਨਾਲ ਹੀ ਜੁੜਿਆ ਰਹਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅਸਲ ਰੂਹਾਨੀਅਤ ਸੰਸਾਰਿਕ ਫ਼ਰਜ਼ ਨਿਭਾਉਂਦੇ ਹੋਏ ਵੀ ਆਪਣੇ ਅੰਤਰੀਵੀ ਸਰੂਪ ਪ੍ਰਤੀ ਜਾਗਰੂਕ ਰਹਿੰਦੀ ਹੈ। (੪)(੧)

**ਤੱਤ:** ਭਗਤ ਨਾਮਦੇਵ ਮਨੁੱਖ ਦੀ ਉਸ ਗੂੜ੍ਹ ਮਨੋਵਿਗਿਆਨਕ ਸਮਰੱਥਾ ਨੂੰ ਉਜਾਗਰ ਕਰਦੇ ਹਨ ਜਿਸ ਰਾਹੀਂ ਉਹ ਸੰਸਾਰ ਵਿਚ ਰਹਿ ਕੇ ਵੀ ਉਸ ਵਿਚ ਗ੍ਰਸਤ ਨਹੀਂ ਹੁੰਦੇ। ਉਹ ਕਈ ਜੀਵੰਤ ਰੂਪਕਾਂ ਰਾਹੀਂ ਇਸ ਸੱਚ ਨੂੰ ਸਮਝਾਉਂਦੇ ਹਨ, ਜਿਵੇਂ ਆਕਾਸ਼ ਵਿਚ ਉੱਚੀ ਉੱਡਦੀ ਪਤੰਗ ਜਿਸਦੀ ਡੋਰ ਹੱਥਾਂ ਵਿਚ ਜਕੜ ਕੇ ਫੜ੍ਹੀ ਹੁੰਦੀ ਹੈ; ਸਹੇਲੀਆਂ ਨਾਲ ਹੱਸਦੀ-ਖੇਡਦੀ ਕੁੜੀ, ਜਿਸਦਾ ਧਿਆਨ ਪਾਣੀ ਦੇ ਘੜੇ ਵਿਚ ਰਹਿੰਦਾ ਹੈ; ਜਾਂ ਦੂਰ ਚਰਦੀ ਗਾਂ ਜਿਸਦਾ ਮਨ ਆਪਣੇ ਵੱਛੇ ਵਿਚ ਹੁੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਭਾਵੇਂ ਸੰਸਾਰ

ਸਾਨੂੰ ਬਾਹਰੀ ਜ਼ਿੰਮੇਵਾਰੀਆਂ ਅਤੇ ਅੰਤਰੀਵੀ ਟਕਰਾਵਾਂ ਵੱਲ ਖਿੱਚਦਾ ਰਹੇ, ਮਨ ਫਿਰ ਵੀ ਬਿਬੇਕ ਦਾ ਧਾਰਨੀ ਹੋ ਸਕਦਾ ਹੈ, ਜੇਕਰ ਉਹ ਸੁਹਿਰਦਤਾ ਨਾਲ ਨਿਹਾਰਦਾ ਹੋਇਆ ਆਪਣੇ ਅਸਲ ਤੱਤ ਸਰੂਪ ਨਾਲ ਜੁੜਿਆ ਰਹੇ।

---

ਪਹਿਲਕਦਮੀ


**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**